# BUDHA DAL PUBLIC SCHOOL, PATIALA

## FINAL EXAMINATION

**Class - V**

**Punjabi (Set - B)**

**Date : 16 March 2024**

**Time: 3 hrs.** **MM: 60**

ਨੋਟ:

ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਯਤਨ ਕਰੋ।

ਵਿਆਕਰਨ

**ਪ੍ਰ1. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ।** (4)

1. ਝਾੜ ਝੰਬ ਕਰਨਾ
2. ਗਦ - ਗਦ ਹੋਣਾ
3. ਕੰਨਾਂ ਨੂੰ ਹੱਥ ਲਾਉਣਾ
4. ਦਿਨ ਫਿਰਨੇ

**ਪ੍ਰ2. ਹੇਠ ਲਿਖੇ ਅਖਾਣ ਪੂਰੇ ਕਰੋ।** (4)

1. ਉੱਚੀ ਦੁਕਾਨ .................. ਪਕਵਾਨ।
2. ਪੱਲੇ ਹੋਵੇ ਸੱਚ ਤਾਂ ਕੋਠੇ ਚੜ੍ਹਕੇ .............।
3. ................. ਕੁੜੀ ਸ਼ਹਿਰ ਢੰਡੋਰਾ।
4. ਭਰੇ ਪੇਟ ਤੇ ................. ਕੌੜੀ।

**ਪ੍ਰ3. ਹੇਠ ਲਿਖੇ ਵਾਕਾਂ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ।** (5)

1. ਬਠਿੰਡਾ ਪਟਿਆਲਾ ਜਲੰਧਰ ਅਤੇ ਲੁਧਿਆਣਾ ਪੰਜਾਬ ਦੇ ਵੱਡੇ ਸ਼ਹਿਰ ਹਨ
2. ਤੁਹਾਡੇ ਮਾਤਾ ਜੀ ਕੀ ਕੰਮ ਕਰਦੇ ਹਨ
3. ਸ਼ੇਰ ਨੇ ਹਿਰਨ ਦਾ ਸ਼ਿਕਾਰ ਕੀਤਾ
4. ਕਾਸ਼ ਮੈਂ ਅਮੀਰ ਹੁੰਦਾ
5. ਅਧਿਆਪਕ ਨੇ ਕਿਹਾ ਸਦਾ ਸੱਚ ਬੋਲੋ

**ਪ੍ਰ4. ਹੇਠਾਂ ਲਿਖੇ ਸ਼ਬਦਾਂ ਦੇ ਦੋ-ਦੋ ਅਰਥ ਦੱਸਕੇ ਵਾਕ ਬਣਾਉ।** (4)

ਹਾਰ, ਕਾਲ

**ਪ੍ਰ5. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ।** (3)

ਗੀਟਾ, ਵਾਰੀ, ਗਾਂ, ਲੋ, ਵਸਤੂ, ਘੜੀ

**ਪ੍ਰ6. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।** (3)

ਉਜਾੜ, ਕੋਮਲ, ਹਾਨੀ, ਚੋਰ, ਗੁਰੂ, ਨੇੜੇ

**ਪ੍ਰ7. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ।** (3)

ਬੰਗਾਲੀ, ਪੰਡਤ, ਬੱਚਾ, ਮਾਸਟਰ, ਦਾਸ, ਸ਼ੇਰ

**ਪ੍ਰ8. ਹੇਠ ਲਿਖੇ ਅਸ਼ੁੱਧ ਸ਼ਬਦਾਂ ਦੇ ਸ਼ੁੱਧ ਸ਼ਬਦ ਲਿਖੋ।** (3)

ਗੁਵਾਂਢਣ, ਬਾਜ਼ਾਰ, ਰੋਯਾ, ਅੰਮਰਿਤ, ਵੇਹੜਾ, ਧੂੰਧ

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ ( ) ਦਾ ਨਿਸ਼ਾਨ ਲਗਾਉ। (ਅਗੇਤਰ-ਪਿਛੇਤਰ)** (5)

1. ਮੂਲ ਸ਼ਬਦਾਂ ਦੇ ਪਿੱਛੇ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਨ ਵਾਲੇ ਸ਼ਬਦ ਕੀ ਅਖਵਾਉਂਦੇ ਹਨ?

   ੳ) ਅਗੇਤਰ ਅ) ਪਿਛੇਤਰ

2. ਉ ਸ਼ਬਦ ਪਿਛੇਤਰ ਲਗਾ ਕੇ ਨਵਾਂ ਬਣਿਆ ਸ਼ਬਦ

   ੳ) ਕਮਾਊ ਅ) ਕਮਾਓ

3. ਹੋਣਹਾਰ ਸ਼ਬਦ ਵਿੱਚ ਪਿਛੇਤਰ ਚੁਣੋ।

   ੳ) ਣਹਾਰ ਅ) ਹਾਰ

4. 'ਅਨ' ਸ਼ਬਦ ਅਗੇਤਰ ਲਗਾ ਕੇ ਨਵਾਂ ਬਣਿਆ ਸ਼ਬਦ

   ੳ) ਅਨਰਥ ਅ) ਅਨਅਰਥ

5. ਹਮਸ਼ਕਲ ਸ਼ਬਦ ਵਿੱਚ ਅਗੇਤਰ ਸ਼ਬਦ ਚੁਣੋ।

   ੳ) ਹਮ + ਸ਼ਕਲ ਅ) ਹਮਅ + ਸ਼ਕਲ

## ਪੜ੍ਹਨ-ਕੌਸ਼ਲ

**ਪ੍ਰ10. ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।** (5)

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ। ਉਦਾਸੀਆਂ ਦੌਰਾਨ ਗੁਰੂ ਜੀ ਆਪਣੇ ਸਾਥੀ ਭਾਈ ਮਰਦਾਨੇ ਨਾਲ਼ ਕੰਧਾਰ ਦੇਸ਼ ਵਿੱਚ ਹਸਨ ਅਬਦਾਲ ਇਲਾਕੇ ਵਿੱਚ ਪਹੁੰਚੇ। ਭਾਈ ਮਰਦਾਨਾ ਜੀ ਗੁਰੂ ਸਾਹਿਬ ਦੇ ਪੱਕੇ ਸਾਥੀ ਸੀ। ਇਸ ਪਹਾੜੀ ਇਲਾਕੇ ਵਿੱਚ ਚਲਦੇ-ਚਲਦੇ ਮਰਦਾਨੇ ਨੂੰ ਪਿਆਸ ਲੱਗੀ। ਉਹ ਗੁਰੂ ਸਾਹਿਬ ਨੂੰ ਕਹਿਣ ਲੱਗਾ, "ਬਾਬਾ ਜੀ ਪਿਆਸ ਨਾਲ਼ ਮੇਰੀ ਜਾਨ ਨਿਕਲ ਰਹੀ ਹੈ।" ਗੁਰੂ ਜੀ ਬੋਲੇ, "ਮਰਦਾਨਿਆ, ਪਹਾੜੀ ਇਲਾਕੇ ਵਿੱਚ ਪਾਣੀ ਲੱਭਣਾ ਅਸਾਨ ਨਹੀਂ। ਇਸ ਪਹਾੜੀ ਉੱਪਰ ਇੱਕ ਵਲੀ ਕੰਧਾਰੀ ਨਾਂ ਦਾ ਫ਼ਕੀਰ ਰਹਿੰਦਾ ਹੈ। ਉਸਦੇ ਕੋਲ਼ ਇੱਕ ਪਾਣੀ ਦਾ ਝਰਨਾ ਵਗਦਾ ਹੈ। ਜਾਉ, ਉਸ ਕੋਲੋਂ ਪਾਣੀ ਪੀ ਆਉ।"

1. ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਹੋਏ ਹਨ?
2. ਗੁਰੂ ਜੀ ਉਦਾਸੀਆਂ ਦੌਰਾਨ ਕਿਹੜੇ ਇਲਾਕੇ ਵਿੱਚ ਪਹੁੰਚੇ?
3. ਗੁਰੂ ਨਾਨਕ ਦੇਵ ਜੀ ਦਾ ਪੱਕਾ ਸਾਥੀ ਕੌਣ ਸੀ?
4. ਪਹਾੜੀ ਉੱਤੇ ਰਹਿਣਾ ਵਾਲ਼ੇ ਫ਼ਕੀਰ ਦਾ ਕੀ ਨਾਂ ਸੀ?
5. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

## ਲਿਖਣ-ਕੌਸ਼ਲ

**ਪ੍ਰ11. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (7)

**ਮੋਬਾਇਲ ਦੇ ਲਾਭ-ਹਾਨੀਆਂ**

**ਨੁਕਤੇ:**

ਜਾਣ-ਪਛਾਣ, ਕੰਮ-ਧੰਦੇ ਵਿੱਚ ਵਾਧਾ, ਸਮੇਂ ਦੀ ਬਚਤ, ਸੁਨੇਹਾ ਭੇਜਣ ਦਾ ਸਾਧਨ, ਪੁਲਿਸ ਨੂੰ ਅਸਾਨੀਆਂ, ਸਿਹਤ ਅਤੇ ਬੀਮਾਰੀਆਂ, ਦੁਰਘਟਨਾਵਾਂ ਵਿੱਚ ਵਾਧਾ।

**ਜਾਂ**

**ਪ੍ਰਦੂਸ਼ਣ ਦੀ ਸਮੱਸਿਆ**

**ਨੁਕਤੇ:**

ਜਾਣ-ਪਛਾਣ, ਵੱਧ ਰਹੀ ਵਸੋਂ, ਆਵਾਜਾਈ ਦੇ ਸਾਧਨ, ਰੁੱਖਾਂ ਦਾ ਕੱਟਣਾ, ਬਿਮਾਰੀਆਂ ਵਿੱਚ ਵਾਧਾ, ਲੋਕਾਂ ਨੂੰ ਜਾਗਰੂਕ ਕਰਨਾ, ਰੁੱਖ ਲਗਾਉਣਾ, ਨਿਯਮਾਂ ਦੀ ਪਾਲਣਾ, ਕਾਰਖਾਨਿਆਂ ਨੂੰ ਬੰਦ ਕਰਨਾ।

**ਪ੍ਰ12.** ਪਿਤਾ ਜੀ ਕੋਲੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। (6)

**ਜਾਂ**

ਚਾਚਾ ਜੀ ਵੱਲੋਂ ਭੇਜੇ ਗਏ ਤੋਹਫ਼ੇ ਲਈ ਧੰਨਵਾਦ ਪੱਤਰ ਲਿਖੋ।

**ਪਾਠ-ਪੁਸਤਕ ਤੇ ਅਧਾਰਿਤ**

**ਪ੍ਰ13. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ।** (5)

1. ਪੱਕੇ ਇਮਤਿਹਾਨਾਂ ਵਿੱਚ ਮੌਂਟੀ ਕਿਹੜੇ ਸਥਾਨ 'ਤੇ ਆਇਆ?
2. ਬਚਨ ਨੂੰ ਕੀ ਪਾਲਣ ਦਾ ਸ਼ੌਕ ਸੀ?
3. ਤਾਕਤ ਨਾਲੋਂ ਵੱਡਾ ਕਿਸਨੂੰ ਮੰਨਿਆ ਜਾਂਦਾ ਹੈ?
4. ਲੇਖਕ ਦੀ ਦਾਦੀ ਦੀ ਉਮਰ ਕਿੰਨੀ ਸੀ?
5. ਸ਼ਾਮ ਨੂੰ ਮੌਂਟੀ ਦੀ ਮੰਮੀ ਨੇ ਗਲੀ ਵਿੱਚ ਕੀ ਵੰਡਿਆ?

**ਪ੍ਰ14. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ। (ਕੋਈ ਚਾਰ)** (8)

1. ਬਚਨ ਨੇ ਹਾਥੀ ਦੀ ਪੇਂਟਿੰਗ ਕਿੱਥੇ ਬਣਾਈ ਅਤੇ ਉਹ ਗੱਤੇ ਦੇ ਕੰਨ ਵਿੱਚ ਕੀ ਰੱਖ ਦਿੰਦਾ ਸੀ?
2. ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ੇ ਕੀ ਗਿਆਨ ਪ੍ਰਦਾਨ ਕਰਦੇ ਹਨ?
3. ਮੌਂਟੀ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ ਅਤੇ ਉਸਨੂੰ ਕਿਹੜਾ ਪਹਾੜਾ ਸਭ ਤੋਂ ਚੰਗਾ ਲੱਗਦਾ ਸੀ?
4. ਨਵਾਂ ਗਿਆਨ ਪ੍ਰਾਪਤ ਕਰਨ ਦੇ ਕਿਹੜੇ-ਕਿਹੜੇ ਸ੍ਰੋਤ ਹਨ?
5. ਬੱਚਿਆਂ ਅਤੇ ਬਚਨ ਨੂੰ ਚਿੜੀ ਨਾਲ਼ ਖੇਡਦਿਆਂ ਖੇਵ ਕੇ ਮਹਾਵਤ ਨੇ ਕੀ ਕਿਹਾ?

**ਪ੍ਰ15. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (4)

**(ਤਰਖਾਣ, ਪਾਰਕ, ਕੁੰਜੀ, ਹਾਥੀ)**

1. ਮੌਂਟੀ ਰੋਜ਼ .................. ਵਿੱਚ ਖੇਡਣ ਜਾਂਦਾ ਸੀ।
2. ਬਚਨ ਨੇ ਚਿੜੀ ਅਤੇ ................ ਦੀ ਲੜਾਈ ਕਰਵਾਈ।
3. ਲੇਖਕ ਦੀ ਦਾਦੀ ..................... ਨੂੰ ਚੱਕੀ ਦੇ ਪੁੜਾਂ ਦੀ ਰਾਹੁਣ ਲਈ ਸੱਦਦੀ।
4. ਮਿਹਨਤ ਸਫ਼ਲਤਾ ਦੀ .................. ਹੈ।

**ਪ੍ਰ16. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ।** (4)

1. ਖਿਡਾਰੀਆਂ ਨੂੰ ਖੇਡਾਂ ਦਾ ਅਭਿਆਸ ਕੋਚ ਕਰਾਉਂਦੇ ਹਨ।
2. ਬਚਨ ਦੀ ਚਿੜੀ ਮੁਕਾਬਲੇ ਵਿੱਚ ਜਿੱਤ ਗਈ।
3. ਵਿੱਦਿਆ ਪ੍ਰਾਪਤ ਕਰਨ ਵਾਲ਼ੇ ਅਧਿਆਪਕ ਅਖਵਾਉਂਦੇ ਹਨ।
4. ਮੌਂਟੀ ਪੇਪਰਾਂ ਵਿੱਚੋਂ ਦੂਜੇ ਸਥਾਨ 'ਤੇ ਆਇਆ।

**ਪ੍ਰ17. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਪੁਸਤਕ, ਮਾਣ, ਕਿਰਸਾਨ, ਫ਼ੈਸਲਾ

**ਪ੍ਰ18. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ।** (3)

ਦਰੱਖ਼ਤ, ਪੁਸਤਕ, ਚੱਕੀ